ਅਜੀਤ, ਬਠਿੰਡਾ
ਸੰਗਰੂਰ ਅਜੀਤ 6
ਮੰਗਲਵਾਰ, 4 ਜਨਵਰੀ 2022

# ਸਿਹਤ ਟੀਮ ਵਲੋਂ ਵੈਕਸੀਨ ਨਾ ਲਗਾਉਣ ਤੋਂ ਪ੍ਰੇਸ਼ਾਨ ਲੋਕਾਂ ਕੀਤਾ ਹੰਗਾਮਾ, ਕੀਤੀ ਨਾਅਰੇਬਾਜ਼ੀ

ਭਵਾਨੀਗੜ੍ਹ, 3 ਜਨਵਰੀ (ਰਣਧੀਰ ਸਿੰਘ ਫੱਗੂਵਾਲਾ)- ਇਕ ਪਾਸੇ 'ਤੇ ਕੋਰੋਨਾ ਨੂੰ ਲੈ ਕੇ ਚਿੰਤਾ ਵਿਚ ਕੇਂਦਰ ਸਰਕਾਰ ਵਲੋਂ

**ਸਿਹਤ ਟੀਮ ਵਲੋਂ ਦੋਸ਼ਾਂ ਨੂੰ ਦੱਸਿਆ ਨਿਰਮੂਲ**

ਦੇਸ਼ ਵਿਚ ਵੈਕਸੀਨ ਹਰ ਵਿਅਕਤੀ ਨੂੰ ਲਗਵਾਉਣ ਲਈ ਪ੍ਰਚਾਰ ਕਰਨ ਦੇ ਨਾਲ-ਨਾਲ ਸਰਕਾਰੀ ਕਰਮਚਾਰੀਆਂ ਦੀਆਂ ਤਨਖ਼ਾਹਾਂ ਵੈਕਸੀਨ ਦੇ ਦੋਵੇਂ ਡੋਜ਼ ਲਗਾਉਣ ਤੱਕ ਰੋਕ ਕੇ ਵੈਕਸੀਨ ਜ਼ਰੂਰ ਲਗਵਾਉਣ ਦੇ ਉਪਰਾਲੇ ਕੀਤੇ ਗਏ ਹਨ, ਦੂਜੇ ਪਾਸੇ ਅੱਜ ਮਾਰਕੀਟ ਕਮੇਟੀ ਵਿਖੇ ਸਿਹਤ ਕਾਮਿਆਂ ਵਲੋਂ ਵੈਕਸੀਨ ਨਾ ਲਗਾਉਣ ਦੇ ਦੋਸ਼ ਲਗਾਉਂਦਿਆਂ ਲਾਈਨਾਂ ਵਿਚ ਖੜ੍ਹੇ ਸ਼ਹਿਰ ਵਾਸੀਆਂ ਵਲੋਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਵੈਕਸੀਨ ਲਗਵਾਉਣ ਦੀ ਮੰਗ ਕੀਤੀ। ਸ਼ਿੰਦਰਪਾਲ ਪੰਨਵਾਂ, ਹਰਵਿੰਦਰ ਸਿੰਘ ਘਰਾਚੋਂ, ਦਲਵੀਰ ਸਿੰਘ, ਮਹਿੰਦਰ ਸਿੰਘ, ਹਰਪ੍ਰੀਤ ਸਿੰਘ ਨੇ ਦੱਸਿਆ ਕਿ ਅਸੀਂ ਕੋਰੋਨਾ ਰੋਕੂ ਵੈਕਸੀਨ ਲਗਵਾਉਣ ਲਈ ਸਵੇਰੇ 9 ਵਜੇ ਦੇ ਲਾਈਨ ਵਿਚ ਲੱਗੇ ਹੋਏ ਸੀ, ਜਦੋਂ ਸਾਡੀ ਵਾਰੀ ਆਈ ਤਾਂ ਉਨ੍ਹਾਂ ਕਿਹਾ ਕਿ ਅੱਜ ਨੀ ਟੀਕੇ ਲਗਦੇ ਸਾਡੀ ਹੜਤਾਲ ਹੈ। ਇਲਾਕਾ ਵਾਸੀਆਂ ਨੇ ਕਿਹਾ ਕਿ ਜੇਕਰ ਸਿਹਤ ਵਿਭਾਗ ਦੇ ਕਰਮਚਾਰੀ ਦੀ ਹੜਤਾਲ ਸੀ, ਤਾਂ ਟੀਕੇ ਲਗਾਉਣ ਕਿਉਂ ਆਏ? ਉਨ੍ਹਾਂ ਕਿਹਾ ਕਿ ਅਸੀਂ ਦਿਹਾੜੀਦਾਰ ਵਿਅਕਤੀ ਆਪਣਾ ਕੰਮ ਛੱਡ ਕੇ ਵੈਕਸੀਨ ਲਗਵਾਉਣ ਲਈ ਆਏ, ਪਰ ਇਨ੍ਹਾਂ ਸਿਰਫ਼ ਕੁਝ ਸਿਫ਼ਾਰਸ਼ੀ ਵਿਅਕਤੀ ਜੋ ਕਿਸੇ ਤੋਂ ਫ਼ੋਨ ਕਰਾ ਕੇ ਆਉਂਦੇ ਸੀ, ਸਿਰਫ਼ ਉਨ੍ਹਾਂ ਦੇ ਟੀਕੇ ਲਗਾ ਕੇ ਸਾਡੇ ਵਾਰੀ ਜਵਾਬ ਦੇ ਗਏ। ਇਸ ਮੌਕੇ 'ਤੇ ਸ਼ਹਿਰ ਵਾਸੀ ਸਾਹਿਲ ਕੁਮਾਰ ਨੇ ਦੱਸਿਆ ਕਿ ਵੈਕਸੀਨ ਨਾ ਲਗਵਾਉਣ ਕਾਰਨ ਵਿਭਾਗ ਵਲੋਂ ਉਸ ਦੀ ਤਨਖ਼ਾਹ ਰੋਕ ਲਈ ਗਈ ਅਤੇ ਟੀਕੇ ਲਗਵਾਉਣ ਦੀ ਹਿਦਾਇਤ ਕੀਤੀ, ਜਿਸ ਕਰ ਕੇ ਉਹ 2 ਦਿਨਾਂ ਦੀ ਛੁੱਟੀ ਲੈ ਕੇ ਵੈਕਸੀਨ ਲਗਵਾਉਣ ਲਈ ਆਇਆ ਪਰ ਸਿਹਤ ਵਿਭਾਗ ਦੇ ਕਰਮਚਾਰੀਆਂ ਨੇ ਵੈਕਸੀਨ ਲਗਵਾਉਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਸਿਹਤ ਕਰਮਚਾਰੀਆਂ ਖ਼ਿਲਾਫ਼ ਕਾਰਵਾਈ ਕਰਨ ਅਤੇ ਵੈਕਸੀਨ ਲਗਾਉਣ ਵਾਲੀਆਂ ਟੀਮਾਂ ਦੀ ਗਿਣਤੀ ਵਧਾਉਣ ਦੀ ਮੰਗ ਕੀਤੀ ਤਾਂ ਕਿ ਟੀਕਾਕਰਨ ਆਸਾਨੀ ਨਾਲ ਕਰਵਾਇਆ ਜਾ ਸਕੇ। ਇਸ ਸਬੰਧੀ ਵਲੋਂ ਟੀਕਾਕਰਨ ਕਰਨ ਵਾਲੇ ਸਿਹਤ ਕਰਮਚਾਰੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਅਸੀਂ ਸਵੇਰੇ ਤੋਂ ਟੀਕੇ ਲਗਾ ਰਹੇ ਹਾਂ, ਹੁਣ ਸਾਡਾ ਬੈਚ ਖ਼ਤਮ ਹੋ ਜਾਣ ਕਾਰਨ ਨਵਾਂ ਬੈਚ ਆਨਲਾਈਨ ਬਦਲਣ ਲਈ 15-20 ਮਿੰਟ ਦਾ ਸਮਾਂ ਲੱਗ ਜਾਣ ਕਰਨ ਕੁਝ ਸਮੇਂ ਲਈ ਟੀਕਾਕਰਨ ਰੋਕਿਆ ਗਿਆ ਹੈ, ਵਿਭਾਗ ਵਲੋਂ ਆਨਲਾਈਨ ਹਿਦਾਇਤ ਆ ਜਾਣ 'ਤੇ ਟੀਕਾਕਰਨ ਸ਼ੁਰੂ ਕਰ ਦਿੱਤਾ। ਉਨ੍ਹਾਂ ਲੋਕਾਂ ਵਲੋਂ ਲਗਾਏ ਦੋਸ਼ਾਂ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਲੋਕਾਂ ਵਲੋਂ ਬਿਨ੍ਹਾਂ ਵਜ੍ਹਾ ਕਾਹਲੀ ਕਰਨ ਕਰ ਕੇ ਸਾਡੇ 'ਤੇ ਦੋਸ਼ ਲਗਾਏ ਜਾ ਰਹੇ ਹਨ, ਜੋ ਬੇਬੁਨਿਆਦ ਅਤੇ ਨਿਰਮੂਲ ਹਨ।


ਨਾਅਰੇਬਾਜ਼ੀ ਕਰਦੇ ਲੋਕ। ਤਸਵੀਰ: ਰਣਧੀਰ ਸਿੰਘ ਫੱਗੂਵਾਲਾ


ਪਿੰਡ ਘਰਾਚੋਂ ਵਿਖੇ ਕਿਸਾਨ ਪ੍ਰਧਾਨ ਮੰਤਰੀ ਦਾ ਪੁਤਲਾ ਫ਼ੂਕ ਕੇ ਨਾਅਰੇਬਾਜ਼ੀ ਕਰਦੇ ਹੋਏ। ਤਸਵੀਰ : ਰਣਧੀਰ ਸਿੰਘ ਫੱਗੂਵਾਲਾ

# ਕਿਸਾਨਾਂ ਵਲੋਂ ਪ੍ਰਧਾਨ ਮੰਤਰੀ ਦੇ ਪੁਤਲੇ ਫ਼ੂਕ ਕੇ ਨਾਅਰੇਬਾਜ਼ੀ

ਭਵਾਨੀਗੜ੍ਹ, 3 ਜਨਵਰੀ (ਰਣਧੀਰ ਸਿੰਘ ਫੱਗੂਵਾਲਾ)- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਨੇੜਲੇ ਪਿੰਡ ਘਰਾਚੋਂ, ਝਨੇੜੀ, ਸੰਘਰੇੜੀ, ਬਟਰਿਆਣਾ, ਬਲਿਆਲ ਆਦਿ ਤੋਂ ਇਲਾਵਾ ਕਰੀਬ 2 ਦਰਜਨ ਪਿੰਡਾਂ 'ਚ ਪ੍ਰਧਾਨ ਮੰਤਰੀ ਦੇ ਪੁਤਲੇ ਫ਼ੂਕ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਘਰਾਚੋਂ, ਪ੍ਰੈੱਸ ਸਕੱਤਰ ਹਰਜਿੰਦਰ ਸਿੰਘ ਘਰਾਚੋਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕਾਲੇ ਕਾਨੂੰਨ ਲਿਆ ਕੇ ਕਿਸਾਨਾਂ ਮਜ਼ਦੂਰਾਂ ਤੇ ਵੱਡਾ ਹਮਲਾ ਬੋਲਿਆ ਗਿਆ ਸੀ ਜਿਨ੍ਹਾਂ ਨੂੰ ਰੱਦ ਕਰਾਉਣ ਲਈ 700 ਤੋਂ ਵੀ ਵੱਧ ਕਿਸਾਨ- ਮਜ਼ਦੂਰ, ਮਾਂਵਾਂ ਭੈਣਾਂ ਸ਼ਹੀਦੀਆਂ ਪ੍ਰਾਪਤ ਕਰ ਗਈਆ ਹਨ, ਪਰ ਮੋਦੀ ਸਰਕਾਰ ਉਨ੍ਹਾਂ ਦੀਆਂ ਲਾਸ਼ਾਂ ਤੇ ਰਾਜਨੀਤੀ ਕਰ ਰਹੀ ਹੈ ਤੇ ਪੰਜਾਬ ਆ ਕੇ ਪੰਜਾਬ ਵਾਸੀਆਂ ਨੂੰ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ ਪਰ ਜੋ ਹੁਣ ਪੰਜਾਬ ਦੇ ਲੋਕ ਸਰਕਾਰ ਦੀਆਂ ਮਾਰੂ ਨੀਤੀਆਂ ਤੋਂ ਜਾਣੂ ਹੋ ਗਏ ਹਨ ਜਿਸ ਕਾਰਨ ਕਿਸਾਨਾਂ ਵਲੋਂ ਪਿੰਡਾਂ 'ਚ ਪ੍ਰਧਾਨ ਮੰਤਰੀ ਮੋਦੀ ਦੇ ਪੁਤਲੇ ਫੂਕੇ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆਂ ਕਿ ਅੱਜ ਪਿੰਡ ਘਨੌੜ ਜੱਟਾਂ, ਬਾਲਦ ਕਲਾਂ, ਬਾਲਦ ਖ਼ੁਰਦ, ਰੇਤਗੜ੍ਹ, ਨਰੈਣਗੜ੍ਹ, ਕਾਹਨਗੜ੍ਹ, ਨਾਗਰਾ, ਨਾਗਰੀ, ਬਖੋਪੀਰ, ਜੌਲੀਆਂ ਆਦਿ ਵਿਖੇ ਪ੍ਰਦਰਸ਼ਨ ਕਰਦਿਆਂ ਕਿਸਾਨਾਂ ਨੇ ਮੋਦੀ ਸਰਕਾਰ ਦੇ ਪੁਤਲੇ ਫ਼ੂਕ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਘਰਾਚੋਂ ਇਕਾਈ ਦੇ ਪ੍ਰਧਾਨ ਰਘਵੀਰ ਸਿੰਘ ਘਰਾਚੋਂ, ਮੀਤ ਪ੍ਰਧਾਨ ਸਤਵਿੰਦਰ ਸਿੰਘ ਕਾਲਾ, ਰਘਵੀਰ ਸਿੰਘ ਗੋਗੀ, ਇਕਬਾਲ ਸਿੰਘ ਪਾਲਾ ਤੋਂ ਇਲਾਵਾ ਭਾਰੀ ਗਿਣਤੀ 'ਚ ਕਿਸਾਨ ਬੀਬੀਆਂ ਹਾਜ਼ਰ ਸਨ।

# ਮੋਟਰਸਾਈਕਲ ਸਵਾਰ 'ਤੇ ਹਮਲਾ ਕਰ ਕੇ ਲੁੱਟ ਕਰਨ ਵਾਲੇ ਵਿਅਕਤੀ ਪੁਲਿਸ ਨੇ ਦਬੋਚੇ

ਭਵਾਨੀਗੜ੍ਹ, 3 ਜਨਵਰੀ (ਰਣਧੀਰ ਸਿੰਘ ਫੱਗੂਵਾਲਾ)- ਪਿੰਡ ਰਾਮਗੜ੍ਹ ਨੇੜੇ 2 ਮੋਟਰਸਾਈਕਲ ਸਵਾਰਾਂ ਵਲੋਂ ਇਕ ਵਿਅਕਤੀ ਦੀ ਕੁੱਟਮਾਰ ਕਰ ਕੇ ਉਸ ਤੋਂ ਸਾਢੇ 8 ਹਜ਼ਾਰ ਦੇ ਕਰੀਬ ਰੁਪਏ, ਮੋਬਾਈਲ ਅਤੇ ਹੋਰ ਸਮਾਨ ਖੋਹ ਕੇ ਉਸ ਨੂੰ ਜ਼ਖ਼ਮੀ ਕਰਦੇ ਦੇਣ 'ਤੇ ਪੁਲਿਸ ਵਲੋਂ ਲੁਟੇਰਿਆਂ ਨੂੰ ਕਾਬੂ ਕਰ ਕੇ ਮਾਮਲਾ ਦਰਜ਼ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ। ਜਾਣਕਾਰੀ ਦਿੰਦਿਆਂ ਪਿੰਡ ਸ਼ਫੀਪੁਰ ਦੇ ਵਾਸੀ ਬਲਵੰਤ ਸਿੰਘ ਪੁੱਤਰ ਨੰਦ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਲੰਘੇ ਸ਼ਨੀਵਾਰ ਉਹ ਆਪਣੀ ਗੁਜਰਾਂ ਵਿਖੇ ਵਿਆਹੀ ਲੜਕੀ ਨੂੰ ਮਿਲ ਕੇ ਆ ਰਿਹਾ ਸੀ ਤਾਂ ਜਦੋਂ ਪਿੰਡ ਰਾਮਗੜ੍ਹ ਦੀ ਨਹਿਰ ਦੇ ਪੁਲ ਕੋਲ ਪਹੁੰਚਿਆਂ ਤਾਂ ਪਿੱਛੋਂ ਆਏ ਇਕ ਮੋਟਰਸਾਇਕਲ 'ਤੇ ਸਵਾਰ 2 ਨੌਜਵਾਨਾਂ ਨੇ ਉਸ 'ਤੇ ਹਮਲਾ ਕਰਦਿਆਂ ਬੇਸਬਾਲ ਉਸ ਦੇ ਸਿਰ 'ਚ ਮਾਰ ਕੇ ਉਸ ਨੂੰ ਹੇਠਾਂ ਸੁੱਟਦਿਆਂ ਉਸ ਨੂੰ ਕੁੱਟਮਾਰ ਕਰ ਕੇ ਜ਼ਖ਼ਮੀ ਕਰ ਕੇ ਉਸ ਦਾ ਪਰਸ ਕੱਢ ਕੇ ਉਸ ਵਿਚੋਂ ਕਰੀਬ 8775 ਰੁਪਏ, ਦੋ ਏ.ਟੀ.ਐਮ. ਕਾਰਡ ਅਤੇ ਮੋਬਾਇਲ ਫ਼ੋਨ ਖੋਹ ਕੇ ਮੌਕੇ ਤੋਂ ਫ਼ਰਾਰ ਹੋ ਗਏ। ਬਲਵੰਤ ਸਿੰਘ ਨੇ ਦੱਸਿਆ ਕਿ ਮੋਟਰ ਸਾਈਕਲ 'ਤੇ ਨੰਬਰ ਪਲੇਟ ਵੀ ਨਹੀਂ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਦਾਖਲ ਕਰਾਉਣਾ ਪਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਇਸ ਸਬੰਧੀ ਜਦੋਂ ਥਾਣਾ ਮੁਖੀ ਇੰਸਪੈਕਟਰ ਪ੍ਰਦੀਪ ਸਿੰਘ ਬਾਜਵਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪੁਲਸ ਵਲੋਂ ਬਲਵੰਤ ਸਿੰਘ ਦੇ ਬਿਆਨਾਂ 'ਤੇ ਪਰਚਾ ਦਰਜ ਕਰਦਿਆਂ ਇਸ ਲੁੱਟ ਲਈ ਜ਼ਿੰਮੇਵਾਰ ਦੋਵੇਂ ਵਿਅਕਤੀਆਂ ਨੂੰ ਕਾਬੂ ਕਰ ਕੇ ਉਨ੍ਹਾਂ ਨੂੰ ਸਮਾਨ ਬਰਾਮਦ ਕਰ ਲਿਆ ਹੈ, ਪਰ ਨਕਦੀ ਅਜੇ ਨਹੀਂ ਮਿਲੀ ਲਈ ਸਬੰਧੀ ਤਫ਼ਤੀਸ਼ ਜਾਰੀ ਹੈ।


ਸੰਗਰੂਰ ਸ਼ਹਿਰ ਦੇ ਨੂਰਪੁਰਾ ਮੁਹੱਲਾ ਵਿਖੇ ਵਿਨਰਜੀਤ ਸਿੰਘ ਗੋਲਡੀ ਨੂੰ ਸਨਮਾਨਤ ਕਰਦੇ ਹੋਏ ਮੁਹੱਲਾ ਵਾਸੀ। ਤਸਵੀਰ: ਦਰਸ਼ਨ ਵਧਵਾ

# ਗੋਲਡੀ ਦਾ ਕੀਤਾ ਸਨਮਾਨ

ਸੰਗਰੂਰ, 3 ਜਨਵਰੀ (ਸੁਖਵਿੰਦਰ ਸਿੰਘ ਫੁੱਲ)- ਸੰਗਰੂਰ ਸ਼ਹਿਰ ਦੇ ਨੂਰਪੁਰਾ ਮੁਹੱਲਾ ਨਿਵਾਸੀਆਂ ਵਲੋਂ ਵਿਨਰਜੀਤ ਸਿੰਘ ਗੋਲਡੀ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਸੰਗਰੂਰ ਨੂੰ ਸਨਮਾਨਤ ਕੀਤਾ ਗਿਆ। ਵਿਨਰਜੀਤ ਸਿੰਘ ਗੋਲਡੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਕਾਲੀ ਬਸਪਾ ਦੀ ਸਰਕਾਰ ਬਣਨ ਤੇ ਮੁਹੱਲਾ ਵਾਸੀਆਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕਿਸੇ ਵੀ ਮੁਹੱਲਾ ਵਾਸੀ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਪੰਜਾਬ ਅੰਦਰ ਜਦੋਂ ਵੀ ਅਕਾਲੀ ਦਲ ਦੀ ਸਰਕਾਰ ਬਣੀ ਹੈ ਤਾਂ ਲੋਕਾਂ ਨੂੰ ਪਹਿਲ ਦੇ ਅਧਾਰ 'ਤੇ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਮੌਕੇ ਐਡਵੋਕੇਟ ਰਾਮ ਸਿੰਘ, ਪਰਮਜੀਤ ਕੌਰ, ਮੀਨਾ ਰਾਣੀ, ਵਰਿੰਦਰ ਕੌਰ, ਸਤਿੰਦਰ ਕੌਰ, ਮਨਜੀਤ ਕੌਰ, ਰਸਵਿੰਦਰ ਸਿੰਘ, ਅਮਰੀਕ ਸਿੰਘ, ਗੁਰਜੀਤ ਸਿੰਘ, ਪਰਮਜੀਤ ਪੰਮੀ, ਐਡਵੋਕੇਟ ਮਨਮੀਤ ਸਿੰਘ ਹਰਪ੍ਰੀਤ ਸਿੰਘ ਅਤੇ ਸੁਰਿੰਦਰਪਾਲ ਸਦੀਕੀ ਆਦਿ ਮੌਜੂਦ ਸਨ।

# ਔਖੇ ਸਮੇਂ ਦੇ ਬਾਵਜੂਦ ਵੀ ਸਿਵਲ ਹਸਪਤਾਲ ਜ਼ਰੂਰੀ ਸੇਵਾਵਾਂ ਬਹਾਲ ਕਰਨ 'ਚ ਰਿਹਾ ਸਫਲ

ਸੰਗਰੂਰ, 3 ਜਨਵਰੀ (ਅਮਨਦੀਪ ਸਿੰਘ ਬਿੱਟਾ, ਦਮਨਜੀਤ ਸਿੰਘ)- ਸਿਹਤ ਵਿਭਾਗ ਨਾਲ ਸੰਬੰਧਤ ਵੱਖ-ਵੱਖ ਵਰਗਾਂ ਦੇ ਕਾਮੇ ਪੰਜਾਬ ਭਰ ਵਿਚ ਜਦ ਮੁਕੰਮਲ ਹੜਤਾਲ ਉੱਤੇ ਹਨ ਤਾਂ ਅਜਿਹੀਆਂ ਪ੍ਰਸਥਿਤੀਆਂ ਕਾਰਨ ਰਾਜ ਦੇ ਕਈ ਸਰਕਾਰੀ ਹਸਪਤਾਲਾਂ ਦੇ ਜਨੇਪਾ ਵਾਰਡ ਤੋਂ ਲੈ ਕੇ ਐਮਰਜੈਂਸੀ ਸੇਵਾਵਾਂ ਪ੍ਰਭਾਵਿਤ ਹੋਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ ਪਰ ਸਿਵਲ ਹਸਪਤਾਲ ਸੰਗਰੂਰ ਦੇ ਐਸ.ਐਮ.ਓ. ਡਾਕਟਰ ਬਲਜੀਤ ਸਿੰਘ ਦੀ ਕਾਰਜਕੁਸ਼ਤਾ ਦੇ ਚੱਲਦਿਆਂ ਉਪਰੋਕਤ ਸੇਵਾਵਾਂ ਬਹਾਲ ਕਰਨ ਵਿਚ ਕਾਮਯਾਬ ਰਿਹਾ ਹੈ। ਸਿਵਲ ਹਸਪਤਾਲ ਸੰਗਰੂਰ ਦੇ ਜਨੇਪਾ ਵਾਰਡ ਵਿਚ ਇਸ ਵੇਲੇ 7 ਡਾਕਟਰਾਂ ਦੀ ਤਾਇਨਾਤੀ ਹੈ ਜਿਨ੍ਹਾਂ ਵਿਚ ਡਾਕਟਰ ਰਮਨਵੀਰ ਕੌਰ ਬੋਪਾਰਾਏ, ਡਾਕਟਰ ਹਰਪ੍ਰੀਤ ਕੌਰ ਰੇਖੀ, ਡਾਕਟਰ ਜੂਹੀ, ਡਾਕਟਰ ਆਸਥਾ, ਡਾਕਟਰ ਅਮਨਪ੍ਰੀਤ ਕੌਰ ਬਡਰੁੱਖਾ, ਡਾਕਟਰ ਪ੍ਰਿੰਸੀ, ਡਾਕਟਰ ਮੇਘਨਾ ਦੇ ਨਾਮ ਸ਼ੁਮਾਰ ਹਨ। ਜ਼ਿਕਰਯੋਗ ਹੈ ਕਿ ਇਸ ਵੇਲੇ ਸਿਵਲ ਹਸਪਤਾਲ ਵਿਚ ਡਾਕਟਰ, ਦਰਜਾ ਚਾਰ ਕਰਮਚਾਰੀਆਂ ਨੂੰ ਛੱਡ ਕੇ ਨਰਸਿੰਗ ਸਟਾਫ਼ ਫਾਰਮਾਸਿਸਟ ਅਤੇ ਹੋਰ ਅਮਲਾ ਫੈਲਾ ਮੁਕੰਮਲ ਹੜਤਾਲ ਉੱਤੇ ਪਿਛਲੇ ਕਈ ਦਿਨਾਂ ਤੋਂ ਚੱਲ ਰਿਹਾ ਹੈ। ਅਜਿਹੀਆਂ ਕਠਨ ਪ੍ਰਸਥਿਤੀਆਂ ਵਿਚ ਜੂਝ ਰਿਹਾ ਸਿਵਲ ਹਸਪਤਾਲ ਫਿਰ ਵੀ ਜ਼ਰੂਰੀ ਸਿਹਤ ਸੇਵਾਵਾਂ ਦੇਣ ਵਿਚ ਰਿਕਾਰਡ ਤੋੜ ਕਾਮਯਾਬੀ ਹਾਸਲ ਕਰਨ ਵਿਚ ਅੰਕੜਿਆਂ ਸਹਿਤ ਸਫਲ ਸਿੱਧ ਹੋਇਆ ਹੈ। ਡਾਕਟਰ ਬਲਜੀਤ ਸਿੰਘ ਨੇ ਦੱਸਿਆ ਕਿ ਦਸੰਬਰ ਮਹੀਨੇ ਦੌਰਾਨ ਕੁੱਲ 439 ਡਲੀਵਰੀਆਂ ਜਨੇਪਾ ਵਾਰਡ ਵਿਚ ਹੋਈਆਂ ਹਨ ਜਿਨ੍ਹਾਂ


ਡਾਕਟਰ ਬਲਜੀਤ ਸਿੰਘ ਗੱਲਬਾਤ ਕਰਦੇ ਹੋਏ। ਤਸਵੀਰ: ਦਰਸ਼ਨ ਵਧਵਾ

ਵਿਚੋਂ 214 ਸਜੇਰੀਅਨ ਕੇਸ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਹੜਤਾਲ ਕਾਰਨ ਪਹਿਲਾਂ ਉਨ੍ਹਾਂ ਨੂੰ ਵੀ ਦਿੱਕਤ ਆਈ ਪਰ ਸੰਗਰੂਰ ਜ਼ਿਲ੍ਹੇ ਦੇ ਵਿਚ ਚੱਲਦੇ ਨਰਸਿੰਗ ਕਾਲਜਾਂ ਦੀ ਵਿਦਿਆਰਥਣਾਂ ਦੇ ਸਹਿਯੋਗ ਸਦਕਾ ਹਸਪਤਾਲ ਪ੍ਰਸ਼ਾਸਨ ਜਰੂਰੀ ਸੇਵਾਵਾਂ ਦੇਣ ਵਿਚ ਕਾਮਯਾਬ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਤਕਰੀਬਨ 5 ਫਾਰਮਾਸਿਸਟ, 20 ਰੈਗੂਲਰ ਸਟਾਫ਼ ਨਰਸਾਂ ਅਤੇ ਐਨ.ਐਚ.ਐਮ. ਨਾਲ ਸੰਬੰਧਤ ਲਗਪਗ 25 ਸਟਾਫ਼ ਨਰਸਾਂ ਦੀ ਹੜਤਾਲ ਦੇ ਬਾਵਜੂਦ ਉਹ ਫ਼ਿਲਹਾਲ ਜ਼ਰੂਰੀ ਸੇਵਾਵਾਂ ਸੰਗਰੂਰ ਵਾਸੀਆਂ ਨੂੰ ਦੇ ਰਹੇ ਹਨ। ਡਾਕਟਰ ਬਲਜੀਤ ਸਿੰਘ ਅਨੁਸਾਰ ਉਹ ਯਤਨਸ਼ੀਲ ਹਨ ਕਿ ਡਾਇਲਸਸ ਸੇਵਾਵਾਂ ਵੀ ਕਿਸੇ ਨਾ ਕਿਸੇ ਤਰੀਕੇ ਨਾਲ ਚਾਲੂ ਕੀਤੀਆਂ ਜਾਣ ਪਰ ਕਿਉਂਕਿ ਡਾਇਲਸਸ ਲਈ ਟਰੇਡ ਸਟਾਫ਼ ਨਰਸਾਂ ਦੀ ਲੋੜ ਹੈ ਇਸੇ ਕਾਰਨ ਦਿੱਕਤ ਆ ਰਹੀ ਹੈ।

**ਹਸਪਤਾਲ ਦਾ ਆਕਸੀਜਨ ਪਲਾਂਟ 100 ਬੈੱਡਾਂ ਤੱਕ ਆਕਸੀਜਨ ਬਹਾਲ ਕਰਨ ਵਿਚ ਹੋਇਆ ਕਾਮਯਾਬ**

ਸੰਗਰੂਰ:- ਸਿਵਲ ਹਸਪਤਾਲ ਵਿਚ ਸਥਾਪਨ ਆਕਸੀਜਨ ਪਲਾਂਟ ਵੀ ਤੇਜ਼ ਰਫ਼ਤਾਰ ਨਾਲ ਕੰਮ ਕਰਨਾ ਸ਼ੁਰੂ ਕਰ ਚੁੱਕਿਆ ਹੈ। ਡਾਕਟਰ ਬਲਜੀਤ ਸਿੰਘ ਅਨੁਸਾਰ ਰੋਜ਼ਾਨਾ 1000 ਲੀਟਰ ਆਕਸੀਜਨ ਦੀ ਸਮਰੱਥਾ ਵਾਲਾ ਇਹ ਪਲਾਂਟ 100 ਬੈੱਡਾਂ ਲਈ ਆਕਸੀਜਨ ਸੇਵਾ ਦੇਣ ਦੇ ਸਮਰੱਥ ਹੈ। ਜ਼ਿਕਰਯੋਗ ਕਿ ਪਿਛਲੇ ਵਰ੍ਹੇ ਦੇਸ਼ ਵਿਚ ਆਕਸੀਜਨ ਦੀ ਕਮੀ ਕਾਰਨ ਮਹਾਂਮਾਰੀ ਦੌਰਾਨ ਵੱਡੀ ਗਿਣਤੀ ਵਿਚ ਮਰੀਜ਼ ਪ੍ਰਭਾਵਿਤ ਹੋਏ ਸਨ ਅਤੇ ਮੌਤਾਂ ਦੀ ਦਰ ਵੀ ਆਕਸੀਜਨ ਕਮੀ ਦੇ ਚੱਲਦਿਆਂ ਵਧੀ ਸੀ। ਉਸ ਵੇਲੇ ਆਕਸੀਜਨ ਪਲਾਂਟ ਸਿਵਲ ਹਸਪਤਾਲ ਵਿਚ ਸਥਾਪਤ ਕੀਤਾ ਗਿਆ ਸੀ ਜੋ ਮੌਜੂਦਾ ਸਮੇਂ ਤੇਜ਼ੀ ਨਾਲ ਕੰਮ ਆਰੰਭ ਕਰ ਚੁੱਕਿਆ ਹੈ।

# ਜ਼ਿਲ੍ਹਾ ਬਾਰ ਸੰਗਰੂਰ ਦੀ ਚੁਣੀ ਨਵੀਂ ਕਮੇਟੀ ਨੇ ਸੰਭਾਲਿਆ ਚਾਰਜ

ਸੰਗਰੂਰ, 3 ਜਨਵਰੀ (ਧੀਰਜ ਪਸ਼ੌਰੀਆ)- ਨਵੀਂ ਚੁਣੀ ਗਈ ਜ਼ਿਲ੍ਹਾ ਬਾਰ ਐਸੋਸੀਏਸ਼ਨ ਜਿਸ ਵਿਚ ਪ੍ਰਧਾਨ ਵਿਨੀਤ ਦੁੱਗਲ, ਸੈਕਟਰੀ ਤਰੁਣ ਗੋਇਲ, ਉਪ ਪ੍ਰਧਾਨ ਕੁਲਦੀਪ ਪੰਨਵਾ, ਜੁਆਇੰਟ ਸੈਕਟਰੀ ਸੋਰਵ ਕੁਮਾਰ ਅਤੇ ਖਜਾਨਚੀ ਵਿੱਦਿਆ ਸਾਗਰ ਸ਼ਾਮਲ ਸਨ ਨੇ ਜ਼ਿਲ੍ਹਾ ਸੈਸ਼ਨ ਜੱਜ ਸ੍ਰੀ ਹਰਪਾਲ ਸਿੰਘ, ਡਿਪਟੀ ਕਮਿਸ਼ਨਰ ਸ੍ਰੀ ਰਾਮਵੀਰ, ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਸਵਪਨ ਸ਼ਰਮਾ ਅਤੇ ਹੋਰ ਜੁਡੀਸ਼ੀਅਲ ਅਧਿਕਾਰੀਆਂ ਦੀ ਮੌਜੂਦਗੀ ਵਿਚ ਚਾਰਜ ਸੰਭਾਲਿਆ। ਸੈਕਟਰੀ ਤਰੁਣ ਗੋਇਲ ਵਲੋਂ ਕੀਤੇ ਮੰਚ ਸੰਚਾਲਨ ਦੌਰਾਨ ਜ਼ਿਲ੍ਹਾ ਸੈਸ਼ਨ ਜੱਜ ਸ੍ਰੀ ਹਰਪਾਲ ਸਿੰਘ, ਡਿਪਟੀ ਕਮਿਸ਼ਨਰ ਸ੍ਰੀ ਰਾਮਵੀਰ, ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਸਵਪਨ ਸ਼ਰਮਾ, ਪ੍ਰਧਾਨ ਵਿਨੀਤ ਦੁੱਗਲ, ਪ੍ਰਧਾਨਗੀ ਦਾ ਚਾਰਜ ਛੱਡ ਰਹੇ ਗਗਨਦੀਪ ਸਿੰਘ ਸਿਬੀਆ, ਉਪ ਪ੍ਰਧਾਨ ਕੁਲਦੀਪ ਪੰਨਵਾ, ਜੁਆਇੰਟ ਸੈਕਟਰੀ ਸੋਰਵ ਕੁਮਾਰ, ਬਲਜੀਤ ਕੜਵਲ ਨੇ ਸੰਬੋਧਨ ਕੀਤਾ। ਇਸ ਮੌਕੇ ਅਸ਼ਵਨੀ ਚੌਧਰੀ, ਵੀ.ਕੇ. ਗੋਇਲ, ਸੁਰਜੀਤ ਸਿੰਘ ਗਰੇਵਾਲ, ਲਲਿਤ ਕੁਮਾਰ ਗਰਗ, ਦਲਜੀਤ ਸਿੰਘ ਸੇਖੋਂ, ਸੰਜੀਵ ਗੋਇਲ, ਪ੍ਰਸ਼ੋਤਮ ਲਾਲ ਬਾਂਸਲ, ਬਲਵੰਤ ਸਿੰਘ ਢੀਂਡਸਾ, ਪਵਨ ਗੁਪਤਾ, ਸੁਖਜਿੰਦਰ ਸਿੰਘ ਢੀਂਡਸਾ, ਵਿਕਰਮਜੀਤ ਸਿੰਘ ਉੱਭਾਵਾਲ ਪ੍ਰਧਾਨ ਯੂਥ

**ਸਮਾਰੋਹ 'ਚ ਜ਼ਿਲ੍ਹਾ ਸੈਸ਼ਨ ਜੱਜ, ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਿਸ ਮੁਖੀ ਨੇ ਕੀਤੀ ਸ਼ਮੂਲੀਅਤ**

ਲਾਇਰਜ਼, ਹਰਮਿੰਦਰ ਸਿੰਘ ਹਰੀਗੜ੍ਹ, ਅਜੈਬ ਸਿੰਘ ਸਰਾਓ, ਵਿਪਨ ਵਸ਼ਿਸ਼ਟ, ਸਵਰਨ ਸਿੰਘ ਰਟੋਲ, ਧੀਰਜ ਕੁਮਾਰ ਜਿੰਦਲ, ਰਣਧੀਰ ਭੰਗੂ, ਸੁਖਵੀਰ ਪੂਨੀਆ, ਗੁਰਤੇਜ ਚਹਿਲ, ਅਮਿਤ ਭੱਲਾ, ਰਮਨ ਜਹਾਂਗੀਰ, ਗੁਰਪ੍ਰੀਤ ਤੂਰ, ਗੁਰਪ੍ਰੀਤ ਚੱਠਾ, ਗੁਰਮੀਤ ਸੈਣੀ, ਹਰਪ੍ਰੀਤ ਕਾਕਾ, ਰਿਤੇਸ਼ ਜਿੰਦਲ, ਜਸਜੀਤ ਮੋਦਗਿੱਲ, ਗੁਰਬਚਨ ਸਿੰਘ ਨਹਿਲ, ਗੁਰਪ੍ਰੀਤ ਸਿੰਘ ਸ਼ੇਰਗਿੱਲ, ਸਤਵੀਰ ਸਿੰਘ ਮੰਡੇਰ, ਜਸਬੀਰ ਸਿੰਘ ਸਰਾਓ, ਗੁਰਿੰਦਰਪਾਲ ਕਰਤਾਰਪੁਰਾ, ਐਮ.ਏ. ਸ਼ਾਹ ਜੱਗਾ, ਅਮਨਦੀਪ ਸਿੰਘ ਗਰੇਵਾਲ, ਰਾਜ ਕੁਮਾਰ ਗੋਇਲ, ਰਾਜਬੀਰ ਸਿੰਘ ਗਰੇਵਾਲ, ਰਣਜੀਤ ਸਿੰਘ ਦਿਓਲ, ਵਿਕਾਸ ਇਲੀਸ਼ਾ, ਸੁਮੀਰ ਫੱਤਾ, ਰਣਜੀਤ ਸਿੰਘ ਦਿਓਲ, ਕੁਲਦੀਪ ਜੈਨ, ਗੁਰਸੇਵਕ ਸਿੰਘ, ਮਨਪ੍ਰੀਤ ਸਿੰਘ ਖੰਗੂੜਾ ਅਤੇ ਵੱਡੀ ਗਿਣਤੀ ਵਿਚ ਵਕੀਲ ਮੌਜੂਦ ਸਨ।



ਸਮਾਗਮ ਦੌਰਾਨ ਪਹੁੰਚੇ ਮਹਿਮਾਨਾਂ ਦਾ ਅਤੇ ਵਕੀਲਾਂ ਦਾ ਧੰਨਵਾਦ ਕਰਦੇ ਜ਼ਿਲ੍ਹਾ ਬਾਰ ਦੇ ਪ੍ਰਧਾਨ ਐਡਵੋਕੇਟ ਵਿਨੀਤ ਦੁੱਗਲ। ਤਸਵੀਰ: ਦਰਸ਼ਨ ਵਧਵਾ


ਲਹਿਰਾਗਾਗਾ ਵਿਖੇ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਦੇ ਹੋਏ ਭਾਈ ਗੋਬਿੰਦ ਸਿੰਘ ਲੌਂਗੋਵਾਲ। ਤਸਵੀਰ: ਅਸ਼ੋਕ ਗਰਗ

# ਸਰਕਾਰ ਆਉਣ 'ਤੇ ਬੰਦ ਪਏ ਸੇਵਾ ਕੇਂਦਰ ਕੀਤੇ ਜਾਣਗੇ ਚਾਲੂ- ਭਾਈ ਲੌਂਗੋਵਾਲ

ਲਹਿਰਾਗਾਗਾ, 3 ਜਨਵਰੀ (ਅਸ਼ੋਕ ਗਰਗ, ਕੰਵਲਜੀਤ ਸਿੰਘ ਢੀਂਡਸਾ)- ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ ਦ ਸਾਂਝੇ ਉਮੀਦਵਾਰ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਅੱਜ ਇੱਥੇ ਪਾਰਟੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕਰ ਕੇ ਉਨ੍ਹਾਂ ਨੂੰ ਬੂਥ ਪੱਧਰ ਉੱਪਰ ਕਮੇਟੀਆਂ ਬਣਾਉਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਉਣ ਵਾਲੀ ਸਰਕਾਰ ਅਕਾਲੀ-ਬਸਪਾ ਗੱਠਜੋੜ ਦੀ ਬਣੇਗੀ। ਸ. ਲੌਂਗੋਵਾਲ ਨੇ ਕਿਹਾ ਕਿ ਔਰਤਾਂ ਨੂੰ 50 ਫ਼ੀਸਦੀ ਸਰਕਾਰੀ ਨੌਕਰੀ ਦੇਣਾ ਯਕੀਨੀ ਬਣਾਇਆ ਜਾਵੇਗਾ ਅਤੇ ਕਾਂਗਰਸ ਦੇ ਰਾਜ ਵਿਚ ਬੰਦ ਹੋਏ ਸੇਵਾ ਕੇਂਦਰ ਮੁੜ ਚਾਲੂ ਕੀਤੇ ਜਾਣਗੇ ਤਾਂ ਜੋ ਲੋਕ ਖੱਜਲ ਖੁਆਰੀ ਤੋਂ ਬਚ ਸਕਣ। ਉਨ੍ਹਾਂ ਕਿਹਾ ਕਿ ਪਰਮਿੰਦਰ ਸਿੰਘ ਢੀਂਡਸਾ ਪਰਿਵਾਰ ਨੇ 700 ਤੋਂ ਵੱਧ ਸ਼ਹੀਦ ਕਿਸਾਨਾਂ ਦੀਆਂ ਲਾਸ਼ਾਂ ਉੱਪਰੋਂ ਗੁਜ਼ਰ ਕੇ ਭਾਜਪਾ ਨਾਲ ਗੱਠਜੋੜ ਕੀਤਾ ਹੈ। ਇਹ ਗੱਠਜੋੜ ਲੋਕ ਭਾਵਨਾਵਾਂ ਦੇ ਉਲਟ ਕੇਵਲ ਅਪਣੇ ਨਿੱਜੀ ਹਿਤਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਜੋ ਇਕ ਨਾਪਾਕ ਸਿਆਸੀ ਗੱਠਜੋੜ ਹੈ। ਇਸ ਮੌਕੇ ਸਮਾਜ ਸੇਵੀ ਗੁਰਮੇਲ ਸਿੰਘ ਖਾਈ, ਯਾਦਵਿੰਦਰ ਸਿੰਘ ਲਹਿਲ ਖ਼ੁਰਦ, ਆਸ਼ੂ ਜਿੰਦਲ ਡੇਅਰੀ ਵਾਲੇ, ਸ਼ਹਿਰੀ ਪ੍ਰਧਾਨ ਦਵਿੰਦਰ ਨੀਟੂ, ਗੁਰਮੀਤ ਸਿੰਘ ਖਾਈ, ਮਾਸਟਰ ਜਗਮਿੰਦਰ ਸਿੰਘ, ਕੌਂਸਲਰ ਕਪਲਾਸ਼ ਤਾਇਲ, ਮੈਡਮ ਚਰਨਜੀਤ ਕੌਰ, ਨਿਰਮਲ ਸਿੰਘ ਕੜੈਲ, ਚਰਨਾ ਸਿੰਘ ਮੌਜੂਦ ਸਨ।

# ਸੀ. ਸੀ. ਟੀ. ਵੀ. ਕੈਮਰਿਆਂ ਦੇ ਕੰਟਰੋਲ ਰੂਮ ਦਾ ਕੀਤਾ ਉਦਘਾਟਨ

ਚੀਮਾ ਮੰਡੀ, 3 ਜਨਵਰੀ (ਦਲਜੀਤ ਸਿੰਘ ਮੱਕੜ)- ਮੈਂਬਰ ਪਾਰਲੀਮੈਂਟ ਭਗਵੰਤ ਮਾਨ ਵਲੋਂ ਚੀਮਾ ਮੰਡੀ ਅਤੇ ਇਲਾਕੇ ਦੀ

**ਕੈਮਰੇ ਲੱਗਣ ਨਾਲ ਚੀਮਾ ਅਤੇ ਇਲਾਕੇ ਦੇ ਲੋਕ ਆਪਣੇ ਆਪ ਨੂੰ ਸੁਰੱਖਿਅਤ ਸਮਝਣਗੇ- ਐਸ. ਐਸ. ਪੀ. ਸੰਗਰੂਰ**

ਸੁਰੱਖਿਆ ਵਾਸਤੇ 7 ਲੱਖ 51 ਹਜ਼ਾਰ ਦੀ ਰਾਸ਼ੀ ਵਾਲੇ 17 ਸੀ.ਸੀ.ਟੀ.ਵੀ. ਕੈਮਰਿਆਂ ਦੇ ਕੰਟਰੋਲ ਰੂਮ ਦਾ ਉਦਘਾਟਨ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਭਗਵੰਤ ਮਾਨ ਨੇ ਦੱਸਿਆ ਕਿ ਉਨ੍ਹਾਂ ਵਲੋਂ ਇਹ ਸ਼ੁਰੂਆਤ ਧੂਰੀ ਤੋਂ ਕੀਤੀ ਸੀ, ਜਿੱਥੇ ਇਹ ਸਕੀਮ ਕਾਮਯਾਬ ਹੋ ਜਾਣ ਤੋਂ ਬਾਅਦ ਹੋਰਨਾਂ ਸ਼ਹਿਰਾਂ ਵਿਚ ਵੀ ਸੀ.ਸੀ.ਟੀ.ਵੀ. ਕੈਮਰੇ ਲੱਗ ਚੁੱਕੇ ਹਨ। ਇਹ ਕੈਮਰੇ ਮੇਨ ਬਾਜ਼ਾਰ, ਸਟੇਟ ਹਾਈਵੇ ਮੇਨ ਚੌਕ, ਜਖੇਪਲ ਰੋਡ, ਤੋਲਾਵਾਲ ਟੀ ਪੁਆਇੰਟ, ਝਾੜੋਂ ਰੋਡ ਅਤੇ ਸ਼ੇਰੋਂ ਰੋਡ 'ਤੇ ਇਹ ਕੈਮਰੇ ਲੱਗਣਗੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਗਰਾਂਟ ਜਾਰੀ ਕਰ ਦਿੱਤੀ ਗਈ ਹੈ ਅਤੇ ਪੁਲਿਸ ਵਲੋਂ ਇਹ ਕੰਮ ਜਲਦੀ ਪੂਰਾ ਕਰ ਲਿਆ ਜਾਵੇਗਾ। ਇਸ ਮੌਕੇ ਹਲਕਾ ਵਿਧਾਇਕ ਅਮਨ ਅਰੋੜਾ ਨੇ ਸ. ਮਾਨ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਜੋ ਗਰਾਂਟਾਂ ਦਿੰਦੇ ਹਨ ਉਹ ਲੋਕ ਹਿਤ ਲਈ ਹੁੰਦੀ ਹੈ ਸਿਹਤ, ਸਿੱਖਿਆ ਅਤੇ ਸੁਰੱਖਿਆ ਨੂੰ ਉਹ ਹਮੇਸ਼ਾ ਪਹਿਲ ਦਿੰਦੇ ਹਨ, ਅੱਜ ਦੇ ਕਾਰਜ ਲਈ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਹੈ। ਇਸ ਮੌਕੇ ਜ਼ਿਲ੍ਹਾ ਪੁਲੀਸ ਮੁਖੀ ਡਾ. ਸਵਪਨ ਸ਼ਰਮਾ, ਐਸ.ਪੀ. ਕਰਨਵੀਰ ਸਿੰਘ, ਡੀ.ਐਸ.ਪੀ. ਸੁਖਰਾਜ ਸਿੰਘ, ਥਾਣਾ ਚੀਮਾ ਦੇ ਮੁਖੀ ਸੰਦੀਪ ਸਿੰਘ ਕਾਲੇਕੇ, ਨਗਰ ਪੰਚਾਇਤ ਚੀਮਾ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਤੋਂ ਇਲਾਵਾ ਮਨਪ੍ਰੀਤ ਬਾਂਸਲ, ਮਨਪ੍ਰੀਤ ਸਿੰਘ ਚੀਮਾ ਸੋਸ਼ਲ ਮੀਡੀਆ ਕੋਆਰਡੀਨੇਟਰ, ਕੁਲਦੀਪ ਚੀਮਾ, ਨੀਟਾ ਸਿੰਘ, ਦਰਸ਼ਨ ਸਿੰਘ, ਨਿਰਭੈ ਸਿੰਘ ਮਾਨ, ਗੁਰਿੰਦਰ ਗਰੇਵਾਲ ਬੀਰਬਲ ਸਿੰਘ ਅਤੇ ਇਸ ਤੋਂ ਇਲਾਵਾ ਥਾਣਾ ਚੀਮਾ ਪੁਲਿਸ ਦੇ ਮੁਲਾਜ਼ਮ ਵੀ ਮੌਜੂਦ ਸਨ।


ਚੀਮਾ ਮੰਡੀ ਵਿਖੇ ਕੈਮਰਿਆਂ ਦੇ ਉਦਘਾਟਨ ਸਮੇ ਮੈਂਬਰ ਪਾਰਲੀਮੈਂਟ ਭਗਵੰਤ ਮਾਨ, ਵਿਧਾਇਕ ਅਮਨ ਅਰੋੜਾ ਜ਼ਿਲ੍ਹਾ ਪੁਲਿਸ ਮੁਖੀ ਡਾ. ਸਵਪਨ ਸ਼ਰਮਾ ਨਾਲ ਕੰਟਰੋਲ ਰੂਮ ਵਿਖੇ ਗੱਲਬਾਤ ਕਰਦੇ ਹੋਏ। ਤਸਵੀਰ: ਦਲਜੀਤ ਸਿੰਘ ਮੱਕੜ



ਮੁਫ਼ਤ ਕੈਂਸਰ ਜਾਂਚ ਅਤੇ ਮੈਡੀਕਲ ਕੈਂਪ ਦੌਰਾਨ ਹਾਅ ਦਾ ਨਾਅਰਾ ਨਵਾਬ ਸ਼ੇਰ ਖਾਂ ਵੈੱਲਫੇਅਰ ਸੁਸਾਇਟੀ ਦੇ ਮੈਂਬਰਾਂ ਨਾਲ ਸਾਬਕਾ ਵਿਧਾਇਕ ਐਡਵੋਕੇਟ ਇਕਬਾਲ ਸਿੰਘ ਝੂੰਦਾਂ। ਤਸਵੀਰ: ਜਤਿੰਦਰ ਮੰਨਵੀ

# ਹਾਅ-ਦਾ-ਨਾਅਰਾ ਸੁਸਾਇਟੀ ਵਲੋਂ ਮੁਫ਼ਤ ਕੈਂਸਰ ਜਾਂਚ ਕੈਂਪ

ਅਮਰਗੜ੍ਹ, 3 ਜਨਵਰੀ (ਜਤਿੰਦਰ ਮੰਨਵੀ)- ਇਲਾਕੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਹਾਅ-ਦਾ-ਨਾਅਰਾ ਨਵਾਬ ਸ਼ੇਰ ਖਾਂ ਸੁਸਾਇਟੀ ਮਾਲੇਰਕੋਟਲਾ ਵਲੋਂ ਵਰਲਡ ਕੈਂਸਰ ਕੇਅਰ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਸਰਦਾਰ ਹਰਿੰਦਰ ਸਿੰਘ ਮਹਿਬੂਬ ਯਾਦਗਾਰੀ ਹਾਲ ਅਮਰਗੜ੍ਹ ਵਿਖੇ ਮੁਫ਼ਤ ਕੈਂਸਰ ਜਾਂਚ ਅਤੇ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿਚ ਵੱਡੀ ਗਿਣਤੀ 'ਚ ਇਲਾਕਾ ਵਾਸੀਆਂ ਨੇ ਪਹੁੰਚ ਕੇ ਆਪਣੇ ਸਰੀਰ ਦੀ ਜਾਂਚ ਕਰਵਾਈ। ਕੈਂਪ 'ਚ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਐਡਵੋਕੇਟ ਇਕਬਾਲ ਸਿੰਘ ਝੂੰਦਾਂ, ਬੀਬੀ ਫ਼ਰਜ਼ਾਨਾ ਆਲਮ ਸਾਬਕਾ ਵਿਧਾਇਕ ਮਲੇਰਕੋਟਲਾ, ਮਨਜਿੰਦਰ ਸਿੰਘ ਬਾਵਾ ਸਾਬਕਾ ਪ੍ਰਧਾਨ ਨਗਰ ਪੰਚਾਇਤ ਅਮਰਗੜ੍ਹ ਅਤੇ ਸਾਬਕਾ ਸਰਪੰਚ ਬੀਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸੰਸਥਾ ਦੇ ਨੁਮਾਇੰਦੇ ਲਛਮਣ ਸਰੌਦ, ਗਿੱਲ ਉਪੋਕੀ ਤੇ ਹਰਦੀਪ ਸਿੰਘ ਦੀਪਾ ਆਦਿ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਲੋਕ ਭਲਾਈ ਹਿਤ ਲਗਾਏ ਗਏ ਇਸ ਕੈਂਪ 'ਚ ਵੱਡੀ ਗਿਣਤੀ 'ਚ ਪਹੁੰਚੇ ਇਲਾਕਾ ਵਾਸੀਆਂ ਦੀ ਮੁਫ਼ਤ ਕੈਂਸਰ ਜਾਂਚ ਕਰਨ ਦੇ ਨਾਲ-ਨਾਲ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਸਮੇਤ ਅੱਖਾਂ ਦਾ ਚੈੱਕਅਪ ਕੀਤਾ ਗਿਆ ਹੈ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ ਹਨ। ਦੱਸਣਯੋਗ ਹੈ ਕਿ ਕੈਂਸਰ ਦੀ ਰੋਕਥਾਮ ਅਤੇ ਜਾਗਰੂਕਤਾ ਲਈ ਵਰਲਡ ਕੈਂਸਰ ਕੇਅਰ ਅੰਤਰਰਾਸ਼ਟਰੀ ਸੰਸਥਾ ਹੈ ਜੋ ਇੰਗਲੈਂਡ ਤੋਂ ਕੁਲਵੰਤ ਸਿੰਘ ਧਾਲੀਵਾਲ ਗਲੋਬਲ ਅੰਬੈਸਡਰ ਵਲੋਂ ਚਲਾਈ ਜਾ ਰਹੀ ਹੈ। ਇਸ ਮੌਕੇ ਕਲੱਬ ਮੈਂਬਰ ਬੱਬੂ ਪ੍ਰਧਾਨ, ਜੱਸੀ ਤੋਲੇਵਾਲ, ਹਰਦੀਪ ਸਿੰਘ ਧਾਲੀਵਾਲ, ਠੇਕੇਦਾਰ ਫ਼ਰੀਦਪੁਰ, ਜੱਗੀ ਤੋਲੇਵਾਲ, ਗੋਲਡੀ ਕੰਗਣਵਾਲ, ਰਾਜੂ ਭੁੱਲਰ, ਗੋਗੀ ਅਮਰਗੜ੍ਹ ਅਤੇ ਬਿੰਦਰ ਝੂੰਦਾਂ ਤੋਂ ਬਿਨਾਂ ਹਾਕਮ ਸਿੰਘ ਚੱਕ ਆਦਿ ਮੌਜੂਦ ਸਨ।

# ਅੱਜ 5 ਕੋਰੋਨਾ ਪਾਜ਼ੀਟਿਵ ਆਉਣ ਨਾਲ ਜ਼ਿਲ੍ਹਾ ਸੰਗਰੂਰ-ਮਲੇਰਕੋਟਲਾ 'ਚ ਐਕਟਿਵ ਕੇਸਾਂ ਦੀ ਗਿਣਤੀ ਹੋਈ 16

ਸੰਗਰੂਰ, 3 ਜਨਵਰੀ (ਧੀਰਜ ਪਸ਼ੌਰੀਆ) - ਦੇਸ਼ ਵਿਚ ਕੋਰੋਨਾ ਦੀ ਤੀਜੀ ਲਹਿਰ ਦੇ ਦਸਤਕ ਦਿੱਤੇ ਜਾਣ ਤੋਂ ਪਿੱਛੋਂ ਜ਼ਿਲ੍ਹੇ ਵਿਚ ਵੀ ਕੋਰੋਨਾ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵੱਧਣ ਲੱਗੀ ਹੈ। ਅੱਜ ਸੰਗਰੂਰ ਬਲਾਕ ਵਿਚ ਕੋਰੋਨਾ ਦੇ 5 ਨਵੇਂ ਮਰੀਜ਼ਾਂ ਦੇ ਆਉਣ ਨਾਲ ਜ਼ਿਲ੍ਹੇ ਵਿਚ ਐਕਟਿਵ ਕੋਰੋਨਾ ਮਰੀਜ਼ਾਂ ਦੀ ਗਿਣਤੀ 16 ਹੋ ਗਈ ਹੈ। ਲਗਾਤਾਰ 27 ਦਿਨ ਕੋਰੋਨਾ ਮੁਕਤ ਰਹਿਣ ਵਾਲੇ ਇਨ੍ਹਾਂ ਜ਼ਿਲ੍ਹਿਆਂ ਵਿਚ ਮੁੜ ਕੋਰੋਨਾ ਦੀ ਦਸਤਕ ਨੇ ਲੋਕਾਂ ਦੀਆਂ ਚਿੰਤਾਵਾਂ ਨੂੰ ਵਧਾ ਦਿੱਤਾ ਹੈ। ਅੱਜ ਭਵਾਨੀਗੜ੍ਹ ਬਲਾਕ ਦੇ ਪਿੰਡ ਬਾਲਦਕਲਾਂ ਦੇ 73 ਸਾਲਾ ਕੋਰੋਨਾ ਪੋਜ਼ੇਟਿਵ ਮਰੀਜ਼ ਦੀ ਮੌਤ ਹੋਣ ਨਾਲ 107 ਦਿਨਾਂ ਬਾਅਦ ਹੋਈ ਇਸ ਮੌਤ ਨੇ ਜ਼ਿਲ੍ਹੇ ਵਿਚ ਕੋਰੋਨਾ ਮੌਤਾਂ ਦਾ ਆਂਕੜਾ 876 ਤੱਕ ਪਹੁੰਚਾ ਦਿੱਤਾ ਹੈ। ਦੂਜਾ ਜ਼ਿਲ੍ਹੇ ਵਿਚ ਕੋਰੋਨਾ ਵੈਕਸੀਨ ਟੀਕਾ ਲੱਗਣ ਦੀ ਰਫ਼ਤਾਰ ਵੀ ਅਜੇ ਧੀਮੀ ਹੈ। ਜ਼ਿਲ੍ਹਾ ਸੰਗਰੂਰ-ਮਲੇਰਕੋਟਲਾ ਵਿਚ ਸਿਰਫ਼ 27 ਪ੍ਰਤੀਸ਼ਤ ਨੂੰ ਕੋਰੋਨਾ ਦਾ ਦੂਜਾ ਟੀਕਾ ਲੱਗਿਆ ਹੈ।

**•107 ਦਿਨਾਂ ਬਾਅਦ ਜ਼ਿਲ੍ਹੇ 'ਚ 73 ਸਾਲਾ ਕੋਰੋਨਾ ਮਰੀਜ਼ ਦੀ ਹੋਈ ਮੌਤ • ਸਿਹਤ ਵਿਭਾਗ ਦੇ ਕਰਮਚਾਰੀਆਂ ਦੀ ਹੜਤਾਲ ਕਾਰਨ ਅੱਜ ਪਹਿਲੇਂ ਦਿਨ ਸਿਰਫ਼ 15 ਬੱਚਿਆਂ ਨੂੰ ਲੱਗ ਸਕੀ ਵੈਕਸੀਨ**

**ਸਿਹਤ ਵਿਭਾਗ ਦੇ ਕਰਮਚਾਰੀਆਂ ਦੀ ਹੜਤਾਲ ਕਾਰਨ ਸਿਰਫ 15 ਬੱਚਿਆਂ ਨੂੰ ਹੀ ਲੱਗ ਸਕੀ ਹੈ ਵੈਕਸੀਨ**:- ਪੂਰੇ ਦੇਸ਼ ਵਿਚ ਅੱਜ 15 ਤੋਂ 18 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਵੈਕਸੀਨ ਲੱਗਣ ਦਾ ਕੰਮ ਸ਼ੁਰੂ ਹੋ ਚੁੱਕਿਆ ਹੈ ਜਿਸ ਤਹਿਤ ਜ਼ਿਲ੍ਹੇ ਵਿਚ ਡੇਢ ਲੱਖ ਬੱਚਿਆਂ ਨੂੰ ਇਹ ਵੈਕਸੀਨ ਲਗਾਈ ਜਾਣੀ ਹੈ ਪਰ ਸਿਹਤ ਵਿਭਾਗ ਦੇ ਕਰਮਚਾਰੀਆਂ ਦੀ ਹੜਤਾਲ ਕਾਰਨ ਸਿਰਫ਼ 15 ਬੱਚਿਆਂ ਨੂੰ ਹੀ ਵੈਕਸੀਨ ਲੱਗ ਸਕੀ ਹੈ। ਇਹ ਵੈਕਸੀਨ ਸਿਰਫ਼ ਆਰਮੀ ਡਿਸਪੈਂਸਰੀ ਵਿਚ ਸੈਨਾ ਕਰਮਚਾਰੀਆਂ ਦੇ ਬੱਚਿਆਂ ਨੂੰ ਹੀ ਲੱਗੀ ਹੈ।


ਪਿੰਡ ਨੰਗਲ ਵਿਖੇ ਮੋਦੀ ਸਰਕਾਰ ਦਾ ਪੁਤਲਾ ਫੂਕਦੇ ਹੋਏ ਬੀ.ਕੇ.ਯੂ. ਏਕਤਾ ਉਗਰਾਹਾਂ ਜਥੇਬੰਦੀ ਨਾਲ ਜੁੜੇ ਕਿਸਾਨ। ਤਸਵੀਰ: ਝੱਲ

# ਮੋਦੀ ਦਾ ਪੁਤਲਾ ਫੂਕ ਕੀਤੀ ਨਾਅਰੇਬਾਜ਼ੀ

ਅਮਰਗੜ੍ਹ, 3 ਜਨਵਰੀ (ਸੁਖਜਿੰਦਰ ਸਿੰਘ ਝੱਲ) - ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਨੰਗਲ ਇਕਾਈ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਦਿਆਂ ਪੰਜਾਬ ਆਮਦ ਦੇ ਮੱਦੇਨਜ਼ਰ ਨਾਅਰੇਬਾਜ਼ੀ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਰਾਜਦੀਪ ਸਿੰਘ ਨੰਗਲ ਨੇ ਦੱਸਿਆ ਕਿ ਭਾਜਪਾ ਸਰਕਾਰ ਦੇ ਘਾਤਕ ਮਨਸੂਬੇ ਕਦੇ ਵੀ ਕਾਮਯਾਬ ਨਹੀਂ ਹੋਣ ਦਿੱਤੇ ਜਾਣਗੇ, ਇਸੇ ਕਰਕੇ ਕਿਸਾਨ ਜਥੇਬੰਦੀ ਵਲੋਂ ਮੋਦੀ ਦਾ ਘਿਰਾਓ ਕਰਨ ਸਬੰਧੀ ਰੂਪ ਰੇਖਾ ਤਿਆਰ ਕੀਤੀ ਜਾ ਰਹੀ ਹੈ। ਇਸ ਮੌਕੇ ਰਛਪਾਲ ਸਿੰਘ, ਜਗਰੂਪ ਸਿੰਘ, ਮਨਪ੍ਰੀਤ ਸਿੰਘ, ਲਖਵੀਰ ਸਿੰਘ, ਹਰਜਿੰਦਰ ਸਿੰਘ, ਬਚਿੱਤਰ ਸਿੰਘ, ਸੁਖਵਿੰਦਰ ਸਿੰਘ ਸਾਬਕਾ ਸਰਪੰਚ, ਕਰਨਦੀਪ ਸਿੰਘ, ਮਨਜੀਤ ਸਿੰਘ, ਦਰਸ਼ਨ ਸਿੰਘ, ਗੁਰਸਿਮਰਨ ਸਿੰਘ, ਹਰਵਿੰਦਰ ਸਿੰਘ, ਹਰਜੀਤ ਸਿੰਘ, ਕਾਲਾ ਸਿੰਘ, ਵਿਸਾਖਾ ਸਿੰਘ, ਹਰਦੀਪ ਸਿੰਘ ਅਤੇ ਅਜੈਬ ਸਿੰਘ ਆਦਿ ਮੌਜੂਦ ਸਨ।

# ਨਸ਼ੀਲੀਆਂ ਗੋਲੀਆਂ ਸਮੇਤ ਦੋ ਕਾਬੂ

ਧਰਮਗੜ੍ਹ, 3 ਜਨਵਰੀ (ਗੁਰਜੀਤ ਸਿੰਘ ਚਹਿਲ) - ਥਾਣਾ ਮੁਖੀ ਧਰਮਗੜ੍ਹ ਸਬ ਇੰਸਪੈਕਟਰ ਨਰਿੰਦਰ ਸਿੰਘ ਵਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਨੂੰ ਉਸ ਸਮੇਂ ਸਫਲਤਾ ਮਿਲੀ ਜਦੋਂ ਥਾਣਾ ਧਰਮਗੜ੍ਹ ਦੀ ਪੁਲਿਸ ਵਲੋਂ ਦੋ ਵਿਅਕਤੀਆਂ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰ ਲਿਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਵਲੋਂ ਪਿੰਡ ਕਣਕਵਾਲ ਭੰਗੂਆ ਤੋ ਗੰਢੂਆ ਅਤੇ ਦੌਲਾ ਸਿੰਘ ਵਾਲਾ ਤੋ ਫਲੇੜਾ ਨੂੰ ਜਾਂਦੇ ਚੁਰੱਸਤੇ 'ਤੇ ਮੁਖ਼ਬਰ ਦੀ ਇਤਲਾਹ 'ਤੇ ਦੋ ਵਿਅਕਤੀਆਂ ਰਾਜਾ ਸਿੰਘ ਪੁੱਤਰ ਨੇਕ ਸਿੰਘ ਵਾਸੀ ਗੰਢੂਆ ਅਤੇ ਮਹਿੰਦਰ ਸਿੰਘ ਪੁੱਤਰ ਮੁਕੰਦ ਸਿੰਘ ਵਾਸੀ ਹਰਿਆਊ ਨੂੰ 160 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਨ ਦਾ ਪੁਲਿਸ ਨੇ ਦਾਅਵਾ ਕੀਤਾ ਹੈ। ਉਕਤ ਵਿਅਕਤੀਆਂ ਖਿਲਾਫ ਥਾਣਾ ਧਰਮਗੜ੍ਹ ਵਿਖੇ ਮੁਕੱਦਮਾ ਦਰਜ ਕਰ ਕੇ ਅਗਲੇਰੀ ਕਾਰਵਾਈ ਲਈ ਭੇਜ ਦਿੱਤਾ ਗਿਆ।